# Virtual Summit between Prime Minister Shri NarendraModi and President of Uzbekistan H.E. Mr. ShavkatMirziyoyev

December 09, 2020

.......................................................................................................................................

# ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਸ਼ਵਕਤ ਮਿਰਜ਼ੀਯੋਯੇਵ ਦਰਮਿਆਨ ਵਰਚੁਅਲ ਸਿਖਰ ਸੰਮੇਲਨ

9 ਦਸੰਬਰ, 2020

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਸ਼ਵਕਤ ਮਿਰਜ਼ੀਯੋਯੇਵ ਦਰਮਿਆਨ 11 ਦਸੰਬਰ 2020 ਨੂੰ ਵਰਚੁਅਲ ਸਿਖਰ ਸੰਮੇਲਨ ਹੋਵੇਗਾ।

2. ਇਹ ਸੰਮੇਲਨ ਭਾਰਤ ਅਤੇ ਕਿਸੇ ਕੇਂਦਰੀ ਏਸ਼ੀਆਈ ਦੇਸ਼ ਵਿਚਾਲੇ ਪਹਿਲੀ ਦੁਵੱਲੇ 'ਵਰਚੁਅਲ ਸਿਖਰ ਸੰਮੇਲਨ' ਦੀ ਗੱਲਬਾਤ ਹੋਵੇਗੀ। ਦੋਨੋਂ ਆਗੂ COVID ਤੋਂ ਬਾਅਦ ਦੀ ਦੁਨੀਆ ਵਿੱਚ ਭਾਰਤ-ਉਜ਼ਬੇਕਿਸਤਾਨ ਸਹਿਯੋਗ ਨੂੰ ਮਜ਼ਬੂਤ ਕਰਨ ਸਮੇਤ ਸਮੁੱਚੇ ਦੁਵੱਲੇ ਸੰਬੰਧਾਂ ਬਾਰੇ ਵਿਚਾਰ ਵਟਾਂਦਰੇ ਕਰਨਗੇ। ਉਹ ਆਪਸੀ ਹਿਤ ਦੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰੇ ਕਰਨਗੇ।

3. ਭਾਰਤ ਅਤੇ ਉਜ਼ਬੇਕਿਸਤਾਨ ਨੇ ਪਿਛਲੇ ਸਮੇਂ ਦੌਰਾਨ ਉੱਚ ਪੱਧਰੀ ਵਟਾਂਦਰਾ ਜਾਰੀ ਰੱਖਿਆ ਹੈ। 2015 ਅਤੇ 2016 ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੀਆਂ ਗਈਆਂ ਉਜ਼ਬੇਕਿਸਤਾਨ ਦੀਆਂ ਫੇਰੀਆਂ ਅਤੇ 2018 ਅਤੇ 2019 ਵਿੱਚ ਰਾਸ਼ਟਰਪਤੀ ਮਿਰਜ਼ੀਯੋਯੇਵ ਦੀਆਂ ਭਾਰਤ ਦੀਆਂ ਫੇਰੀਆਂ ਨਾਲ ਇਸ ਰਣਨੀਤਕ ਭਾਈਵਾਲੀ ਨੂੰ ਨਵੀਂ ਰਫਤਾਰ ਮਿਲੀ ਹੈ।

4. ਇਸ ਵਰਚੁਅਲ ਸਿਖਰ ਸੰਮੇਲਨ ਦੇ ਨਾਲ ਹੀ ਸਰਕਾਰਾਂ ਦੇ ਪੱਧਰ 'ਤੇ ਕਈ ਸਮਝੌਤਿਆਂ / MoUs ‘ਤੇ ਹਸਤਾਖਰ ਹੋਣ ਦੀ ਆਸ ਹੈ।

ਨਵੀਂ ਦਿਲੀ
9 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.